# ਪੰਜਾਬ ਸਕੂਲ ਸਿੱਖਿਆ ਬੋਰਡ

## ਅੱਠਵੀਂ ਦੀਆਂ ਪ੍ਰੀਖਿਆਵਾਂ 2020 ਲਈ ਨਵਾਂ ਕੇਂਦਰ ਬਣਾਉਣ ਲਈ ਬਿਨੈ ਪੱਤਰ।

1. ਪ੍ਰੀਖਿਆ ਕੇਂਦਰ ਲਈ ਬਿਨੈ ਪੱਤਰ ਦੇਣ ................................................
   ਵਾਲੀ ਸੰਸਥਾ ਦਾ ਨਾਂ ਸਮੇਤ ਫੋਨ/ਮੋ:ਨੰਬਰ ................................................
2. ਸੰਸਥਾ ਦਾ ਸਕੂਲ ਕੋਡ ................................................
3. ਸੰਸਥਾ ਦਾ UDISE ਕੋਡ ................................................
4. ਪ੍ਰੀਖਿਆਰਥੀਆਂ ਦੀ ਕੁੱਲ ਗਿਣਤੀ ................................................
5. ਪ੍ਰੀਖਿਆ ਕੇਂਦਰ ਲਈ ਕਮਰਿਆਂ ਦੀ ਗਿਣਤੀ ................................................
   ਅਤੇ ਸਾਈਜ
6. ਕੀ ਹਾਲ ਅਤੇ ਕਮਰੇ ਜੋ ਪ੍ਰੀਖਿਆ ਕੇਂਦਰ ਲਈ ................................................
   ਵਰਤੇ ਜਾਣੇ ਹਨ, ਉਹ ਇੱਕ ਦੂਜੇ ਨਾਲ ਜੁੜਵੇਂ
   ਹਨ?
7. ਸਕੂਲ ਵਿੱਚ ਬਾਕੀ ਬਚਦੇ ਕਮਰਿਆਂ ਦੀ ਗਿਣਤੀ ................................................
8. ਫਰਨੀਚਰ ਦਾ ਵੇਰਵਾ:-

ੳ) ਇਕਹਿਰੀ ਸੀਟ ਵਾਲੇ ਡੈਸਕ ................................................

ਅ) ਦੂਹਰੀ ਸੀਟ ਵਾਲੇ ਡੈਸਕ ................................................

9. ਸਹਿਮਤੀ ਸਕੂਲਾਂ ਦਾ ਵੇਰਵਾ (ਘੱਟ ਤੋਂ ਘੱਟ 5 ਸਹਿਮਤੀ ਸਕੂਲ) (ਇਹ ਸਹਿਮਤੀ 3 ਸਾਲ ਲਈ ਰੱਖੀ ਜਾਵੇਗੀ)

| ਸਕੂਲ ਦਾ ਨਾਂ | ਸਕੂਲ ਕੋਡ | UDISE Code | ਕੁੱਲ ਗਿਣਤੀ | ਸਕੂਲ ਤੋਂ ਕੇਂਦਰ ਦੀ ਦੂਰੀ 3 ਕਿਲੋਮੀਟਰ ਤੋਂ ਵੱਧ ਨਾ ਹੋਵੇ। |
|---|---|---|---|---|
| | | | | |
| | | | | |
| | | | | |
| | | | | |
| | | | | |

ਨੋਟ:- ਆਪਣੇ-ਆਪਣੇ ਲੈਟਰ ਪੈਡ ਤੇ ਬਿਨੈਕਾਰ ਸਕੂਲ ਨੂੰ ਸਹਿਮਤੀ ਦਿੱਤੀ ਜਾਵੇ।

10. ਬੋਰਡ ਦੇ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਈ ਫੀਸ ਦਾ ਵੇਰਵਾ:-
    ਰਸੀਦ ਨੰ:- ......................... ਮਿਤੀ..................... ਰਕਮ.....................

ਸੰਸਥਾ ਮੁੱਖੀ ਦੇ ਹਸਤਾਖਰ
(ਮੋਹਰ ਸਮੇਤ)

ਸੰਸਥਾ ਦੇ ਮੁੱਖੀ ਦਾ ਪੂਰਾ ਨਾਂ
(ਸਾਫ ਅੱਖਰਾਂ ਵਿੱਚ)
ਟੈਲੀਫੋਨ/ਮੋਬਾਇਲ ਨੰਬਰ (ਕੋਡ ਸਮੇਤ)
ਮਿਤੀ......................
ਈ.ਮੇਲ

# ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ:- ਅੱਠਵੀਂ ਸ਼੍ਰੇਣੀ ਫਰਵਰੀ-2020 ਲਈ ਨਵੇਂ ਪ੍ਰੀਖਿਆ ਕੇਂਦਰ ਬਣਾਉਣ ਲਈ ਜਨਰਲ ਹਦਾਇਤਾਂ।

1. ਅੱਠਵੀਂ ਪ੍ਰੀਖਿਆ ਫਰਵਰੀ-2020 ਲਈ ਆਪਣੀ ਸੰਸਥਾ ਵਿਖੇ ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਨਿਰਧਾਰਤ ਫੀਸ ਸਹਿਤ ਸਮੇਂ ਸਿਰ ਬਿਨੈਪੱਤਰ ਦਿੱਤਾ ਜਾਵੇ।

2. ਫੀਸਾਂ ਦਾ ਸ਼ਡਿਊਲ :-

| ਬਿਨੈਪੱਤਰ ਜਮ੍ਹਾਂ ਕਰਵਾਉਣ ਦੀ ਮਿਤੀ | ਸਰਕਾਰੀ ਸਕੂਲ | ਏਡਿਡ /ਮਾਨਤਾ ਪ੍ਰਾਪਤ ਸਕੂਲ | ਐਫੀਲਿਏਟਿਡ/ ਐਸੋਸੀਏਟ |
|---|---|---|---|
| 10 ਅਕਤੂਬਰ 2019 ਤੋਂ 25 ਅਕਤੂਬਰ 2019 ਤੱਕ ਬਿਨਾਂ ਲੇਟ ਫੀਸ | ਕੋਈ ਫੀਸ ਨਹੀਂ | ਕੋਈ ਫੀਸ ਨਹੀਂ | 7500/- |
| 26 ਅਕਤੂਬਰ ਤੋਂ 05 ਨਵੰਬਰ 2019 ਤੱਕ | 2500/- | 2500/-ਰੁ | 2500/-ਰੁ: ਲੇਟ ਫੀਸ ਸਮੇਤ |
| 06 ਨੰਵਬਰ ਤੋਂ 15 ਨੰਵਬਰ 2019 ਤੱਕ | 5,000 ਰੁ: ਲੇਟ ਫੀਸ ਸਮੇਤ | 5,000 ਰੁ: ਲੇਟ ਫੀਸ ਸਮੇਤ | 5,000 ਰੁ: ਲੇਟ ਫੀਸ ਸਮੇਤ |
| ਕੰਟੀਨਿਊਸ਼ਨ ਫੀਸ : ਕੇਂਦਰ ਸਥਾਪਤ ਹੋਣ ਦੀ ਸੂਰਤ ਵਿੱਚ ਹਰ ਸਾਲ ਮੁੱਖ ਦਫਤਰ ਵਿਖੇ ਜਮ੍ਹਾਂ ਕਰਾਉਣੀ ਪਵੇਗੀ। | Nill | Nill | 2000/- ਰੁ: ਪ੍ਰਤੀ ਸਾਲ ਪ੍ਰਤੀ ਕੇਂਦਰ |

3. ਬਿਨੈ ਪੱਤਰ ਦੇ ਨਾਲ ਨਿਯਮਾਂ ਅਨੁਸਾਰ ਬਣਦੀ ਫੀਸ ਜਮ੍ਹਾਂ ਹੋਣੀ ਚਾਹੀਦੀ ਹੈ, ਜੇਕਰ ਬਿਨੈਕਾਰ ਸਕੂਲ ਕੇਂਦਰ ਸਥਾਪਤ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਕੇਂਦਰ ਸਥਾਪਤ ਕਰਨ ਲਈ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀ ਕੀਤੀ ਜਾਵੇਗੀ।

4. ਪ੍ਰੀਖਿਆ ਕੇਂਦਰ ਬਣਾਉਣ ਲਈ ਬਿਨੈਪੱਤਰ ਦੇ ਨਾਲ ਸਕੂਲ ਦੀ ਇਮਾਰਤ ਦਾ ਨਕਸ਼ਾ ਨੱਥੀ ਹੋਣਾ ਚਾਹੀਦਾ ਹੈ। ਇਮਾਰਤ ਦਾ ਉਹ ਹਿੱਸਾ ਜਿਹੜਾ ਕੇਂਦਰ ਵਜੋਂ ਵਰਤਿਆ ਜਾਣਾ ਹੈ, ਉਸ ਦੀ ਨਿਸ਼ਾਨਦੇਹੀ ਲਾਲ ਰੰਗ ਨਾਲ ਕੀਤੀ ਜਾਵੇ। ਨਕਸ਼ੇ ਵਿੱਚ ਹਰ ਕਮਰੇ ਦਾ ਮਾਪ ਅਤੇ ਦਰਵਾਜੇ, ਖਿੜਕੀਆਂ ਵੀ ਦਰਸਾਏ ਜਾਣੇ ਚਾਹੀਦੇ ਹਨ। ਖਿੜਕੀਆਂ ਵਿੱਚ ਗਰਿੱਲਾਂ ਅਤੇ ਜਾਲੀਆ ਦਾ ਹੋਣਾ ਲਾਜ਼ਮੀ ਹੈ। ਸਕੂਲ ਦੀ ਚਾਰ-ਦਿਵਾਰੀ ਹੋਣੀ ਜਰੂਰੀ ਹੈ। ਕਮਰਿਆਂ ਵਿੱਚ ਟਿਊਬ ਲਾਈਟਾਂ, ਪੱਖੇ, ਬਿਜਲੀ ਅਤੇ ਪ੍ਰੀਖਿਆ ਕੇਂਦਰ ਵਿੱਚ ਬਾਥਰੂਮਾਂ ਦਾ ਪ੍ਰਬੰਧ ਹੋਣਾ ਜਰੂਰੀ ਹੈ। ਕਮਰੇ ਹਵਾਦਾਰ ਹੋਣੇ ਚਾਹੀਦੇ ਹਨ।

5. ਸਕੂਲ ਵਿੱਚ ਪ੍ਰੀਖਿਆ ਲਈ ਪ੍ਰੀਖਿਆਰਥੀਆਂ ਦੀ ਗਿਣਤੀ ਅਨੁਸਾਰ ਸਿੰਗਲ ਬੈਂਚ ਹੋਣੇ ਜਰੂਰੀ ਹਨ।

6. ਪ੍ਰੀਖਿਆ ਦੌਰਾਨ ਸੰਸਥਾ ਨੂੰ ਆਪਣੇ ਸਕੂਲ ਦੇ ਕਲਰਕ ਨੂੰ ਬਤੌਰ ਸਹਾਇਕ ਸੁਪਰਡੰਟ ਅਤੇ ਲੋੜ ਪੈਣ ਤੇ ਹੋਰ ਅਮਲਾ ਪ੍ਰੀਖਿਆਵਾਂ ਦੇ ਸੰਚਾਲਨ ਲਈ ਫਾਰਗ ਕਰਨਾ ਹੋਵੇਗਾ।

7. ਪ੍ਰੀਖਿਆ ਕੇਂਦਰ ਬਣਾਉਣ ਲਈ ਆਪਣੇ ਸਕੂਲ ਦੇ ਰੈਗੂਲਰ ਪ੍ਰੀਖਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ 20 ਹੋਣੀ ਚਾਹੀਦੀ ਹੈ। ਪੇਂਡੂ ਖੇਤਰ ਲਈ 70 ਅਤੇ ਸ਼ਹਿਰੀ ਖੇਤਰ ਲਈ 100 (ਸਮੇਤ ਸਹਿਮਤੀ ਸਕੂਲ) ਰੈਗੂਲਰ ਪ੍ਰੀਖਿਆਰਥੀ ਹੋਣੇ ਚਾਹੀਦੇ ਹਨ। ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਸਹਿਮਤੀ ਸਕੂਲ 3 ਕਿਲੋਮੀਟਰ ਦੇ ਘੇਰੇ ਵਿੱਚ ਹੀ ਹੋਣ।

8. ਪੇਂਡੂ ਖੇਤਰ ਲਈ ਘੱਟ ਤੋਂ ਘੱਟ 100 ਅਤੇ ਸ਼ਹਿਰੀ ਖੇਤਰ ਲਈ 150 ਤੱਕ ਪ੍ਰੀਖਿਆਰਥੀਆਂ ਦੇ ਬਿਠਾਉਣ ਲਈ ਪ੍ਰਬੰਧ ਹੋਣਾ ਚਾਹੀਦਾ ਹੈ।

9. ਨਵਾਂ ਪ੍ਰੀਖਿਆ ਕੇਂਦਰ ਸਥਾਪਤ ਕਰਦੇ ਸਮੇਂ ਸੰਸਥਾ ਮੁੱਖੀ ਕੋਲੋਂ ਕਿਸੇ ਵੀ ਸੂਰਤ ਵਿੱਚ ਨਿਰਧਾਰਤ ਗਿਣਤੀ ਤੋਂ ਘੱਟ ਪ੍ਰੀਖਿਆਰਥੀਆਂ ਦੀ ਫੀਸ ਨਹੀਂ ਵਸੂਲ ਕੀਤੀ ਜਾਵੇਗੀ। ਕੇਂਦਰ ਕੇਵਲ ਨਿਰਧਾਰਤ ਗਿਣਤੀ ਪੂਰੀ ਹੋਣ ਤੇ ਹੀ ਸਥਾਪਤ ਕੀਤਾ ਜਾਵੇਗਾ।

10. ਸੰਸਥਾ ਪ੍ਰੀਖਿਆ ਦੌਰਾਨ ਹਰ ਪੱਖੋਂ ਸੇਫ ਕਮਰਾ ਇੱਕ ਦੀਵਾਰ ਵਾਲੀ ਘੜੀ, ਇੱਕ ਅਲਮਾਰੀ, ਇੱਕ ਲੋਹੇ ਦਾ ਟਰੰਕ ਜਿਹਨਾਂ ਵਿੱਚ ਉਤਰ ਕਾਪੀਆਂ/ਪ੍ਰਸ਼ਨ ਪੱਤਰ ਅਤੇ ਸਟੇਸ਼ਨਰੀ ਆਦਿ ਰੱਖੀਆਂ ਜਾਣੀਆਂ ਹਨ, ਬਿਨ੍ਹਾਂ ਕਿਰਾਏ ਤੋਂ ਸਥਾਈ ਤੌਰ ਤੇ ਮੁੱਹਈਆ ਕਰਵਾਏਗੀ।

11. ਹਰ ਕਮਰਾ ਸਮੇਤ ਹਾਲ ਕਮਰਾ ਇੱਕ ਦੂਜੇ ਨਾਲ ਜੁੜਵੇਂ ਹੋਣੇ ਚਾਹੀਦੇ ਹਨ ਅਤੇ ਹਰ ਕਮਰੇ ਵਿੱਚ 30 ਤੋਂ 35 ਵਿਦਿਆਰਥੀ ਬੈਂਚ ਲਗਾ ਕੇ ਬੈਠਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

12. ਪ੍ਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਸਥਾਪਿਤ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ।

13. ਰੋਡ ਮੈਪ ਬਿਨੈਪੱਤਰ ਨਾਲ ਲਗਾਇਆ ਜਾਵੇ ਜਿਸ ਵਿੱਚ ਨੇੜੇ ਦਾ ਪ੍ਰੀਖਿਆ ਕੇਂਦਰ ਅਤੇ ਨੇੜੇ ਦਾ ਸ਼ਹਿਰ ਵੀ ਦਰਸਾਇਆ ਗਿਆ ਹੋਵੇ।

14. ਸਕੂਲ ਵਲੋਂ ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਦਿੱਤੇ ਜਾਣ ਵਾਲੇ ਬਿਨੈ-ਪੱਤਰ ਦੇ ਨਾਲ ਬਣਦੀ ਫੀਸ ਕੈਸ਼ੀਅਰ ਕੋਲ ਜਮ੍ਹਾ ਕਰਵਾਉਣ ਉਪਰੰਤ ਤਸਦੀਕਸ਼ੁਦਾ ਹਲਫੀਆ ਬਿਆਨ, ਐਲਾਨ-ਨਾਮਾ, ਸਕੂਲ ਦਾ ਨਕਸ਼ਾ, ਰੋਡ ਮੈਪ, ਜਮ੍ਹਾਂ ਕਰਵਾਈ ਫੀਸ ਦੀ ਰਸੀਦ ਆਦਿ ਮੁੱਖ ਦਫ਼ਤਰ ਵਿਖੇ ਪੰਜਵੀਂ/ਅੱਠਵੀਂ ਸ਼ਾਖਾ, ਦੂਜੀ ਮੰਜ਼ਿਲ ਸੀ-ਬਲਾਕ ਵਿਖੇ ਜਮ੍ਹਾਂ ਕਰਵਾਇਆ ਜਾਵੇ।

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

# ਐਲਾਨ-ਨਾਮਾ

ਮੈਂ ਹੇਠਾਂ ਦਿੱਤੀਆਂ ਸ਼ਰਤਾਂ ਅਤੇ ਬੋਰਡ ਵਲੋਂ ਸਮੇਂ-ਸਮੇਂ ਤੇ ਲਗਾਈਆਂ ਜਾਣ ਵਾਲੀਆਂ ਸ਼ਰਤਾਂ ਨੂੰ ਮੰਨਣ ਦਾ ਇਕਰਾਰ ਕਰਦਾ ਹਾਂ:-

(ੳ) ਮੈਂ ਕੇਂਦਰ ਸੁਪਰਡੰਟ ਨੂੰ ਪ੍ਰੀਖਿਆ ਕੇਂਦਰ ਦੀ ਹਦੂਦ ਦੇ ਅੰਦਰ-ਬਾਹਰ ਅਨੁਸ਼ਾਸਨ ਕਾਇਮ ਰੱਖਣ ਅਤੇ ਲੋੜੀਂਦੀ ਸਹਾਇਤਾਂ ਪ੍ਰਦਾਨ ਕਰਨ ਲਈ ਇੱਕ ਕਰਮਚਾਰੀ ਦੀਆਂ ਸੇਵਾਵਾਂ ਸਪੁਰਦ ਕਰਾਂਗਾ।

(ਅ) ਬਿਨੈ-ਪੱਤਰ ਭੇਜਣ ਸਮੇਂ ਫਾਰਮ ਵਿੱਚ ਦਰਸਾਏ ਅਨੁਸਾਰ ਇਸ ਸੰਸਥਾ ਕੋਲ ਲੋੜੀਂਦਾ ਸਥਾਨ ਅਤੇ ਫਰਨੀਚਰ (ਇਕਹਿਰੀ ਅਤੇ ਦੂਹਰੀ ਸੀਟ ਵਾਲੇ ਡੈਸਕ) ਮੌਜੂਦ ਹਨ ।

(ੲ) ਪ੍ਰੀਖਿਆ ਦੌਰਾਨ ਮੇਰੇ/ਮੇਰੇ ਸਹਿਯੋਗੀ ਸਕੂਲਾਂ ਵਲੋਂ ਪ੍ਰੀਖਿਆ ਕੇਂਦਰ ਵਿੱਚ ਦਖ਼ਲ-ਅੰਦਾਜੀ ਨਹੀ ਕੀਤੀ ਜਾਵੇਗੀ। ਜੇਕਰ ਕੋਈ ਦਖਲ ਅੰਦਾਜੀ ਧਿਆਨ/ਨੋਟਿਸ ਵਿੱਚ ਆਉਂਦੀ ਹੈ ਤਾਂ ਬੋਰਡ ਦਫ਼ਤਰ ਨੂੰ ਬਿਨਾਂ ਕਿਸੇ ਸੂਚਨਾ ਤੋਂ ਪ੍ਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

(ਸ) ਇਹ ਧਿਆਨ ਵਿੱਚ ਆਉਣ ਤੇ ਕਿ ਸਟਾਫ ਦੇ ਕਿਸੇ ਮੈਂਬਰ ਨੇ ਅਣ-ਉਚਿਤ ਸਾਧਨ ਵਰਤਣ ਵਿੱਚ ਮਦੱਦ ਕੀਤੀ ਹੈ ਤਾਂ ਸਬੰਧਤ ਸਕੂਲ/ ਪ੍ਰਬੰਧਕੀ ਕਮੇਟੀ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰੇਗੀ ਅਤੇ ਉਸ ਦੀ ਰਿਪੋਰਟ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ,(ਮੋਹਾਲੀ) ਨੂੰ ਭੇਜੀ ਜਾਵੇਗੀ।

(ਹ) ਜੇਕਰ ਸੰਸਥਾ ਐਫੀਲੀਏਸ਼ਨ/ਐਸੋਸੀਏਸ਼ਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਹੈ ਤਾਂ ਬਿਨਾ ਸੂਚਿਤ ਕੀਤੇ ਅਗਲੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਰੱਦ ਕਰਨ ਦਾ ਬੋਰਡ ਨੂੰ ਪੂਰਾ ਹੱਕ ਹੋਵੇਗਾ।

ਸੰਸਥਾ ਮੁੱਖੀ ਦੇ ਹਸਤਾਖਰ

# ਹਲਫਨਾਮਾ/ਸਵੈ-ਘੋਸ਼ਣਾ ਪੱਤਰ

ਮੈਂ.............................................................................................ਪ੍ਰਿੰਸੀਪਲ

................................................................ ਹਲਫ ਨਾਲ ਬਿਆਨ ਕਰਦਾ ਹਾਂ ਕਿ:-

1 ਉਪਰੋਕਤ ਸੰਸਥਾ ਵਿਖੇ ਅੱਠਵੀਂ ਪੱਧਰ ਦੀ ਸ਼੍ਰੇਣੀ ਦਾ ਪ੍ਰੀਖਿਆ ਕੇਂਦਰ ਸਥਾਪਤ ਕਰਵਾਉਣ ਲਈ ਬੋਰਡ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

2 ਇਹ ਕਿ ਇਹ ਪ੍ਰੀਖਿਆ ਕੇਂਦਰ ਇੱਕ ਚਾਰ-ਦੀਵਾਰੀ ਦੇ ਅੰਦਰ ਚੱਲੇਗਾ। ਇਸ ਸਬੰਧੀ ਸੰਸਥਾ ਦੀ ਬਿਲਡਿੰਗ ਦਾ ਨਕਸ਼ਾ ਅਤੇ ਪਹੁੰਚ ਮਾਰਗ ਦਾ ਰਸਤਾ (Road Map) ਨੱਥੀ ਹੈ।

3. ਪ੍ਰੀਖਿਆ ਕੇਂਦਰ ਸਥਾਪਿਤ ਹੋਣ ਉਪਰੰਤ ਸੰਸਥਾ ਬੋਰਡ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਬਚਨਬੱਧ ਹੈ। ਹਦਾਇਤਾਂ ਦੀ ਪਾਲਣਾ ਨਾ ਹੋਣ ਦੀ ਸੂਰਤ ਵਿੱਚ ਬੋਰਡ ਨੂੰ ਸੰਸਥਾ ਵਿਰੁੱਧ ਕੋਈ ਵੀ ਕਾਰਵਾਈ ਕਰਨ ਦਾ ਪੂਰਾ ਹੱਕ ਹੈ।

4. ਉਪਰੋਕਤ ਸਬੰਧੀ ਸੰਸਥਾ ਖਿਲਾਫ ਕਿਸੇ ਵੀ ਕਿਸਮ ਦੇ ਦੋਸ਼ ਸਿੱਧ ਹੋਣ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਦਾ ਖਰਚਾ/ਜੁਰਮਾਨਾ (ਜੇਕਰ ਕੋਈ ਹੋਵੇ) ਸੰਸਥਾ ਮੁੱਖੀ ਬੋਰਡ ਨੂੰ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਵੇਗਾ।

5. ਸੰਸਥਾ ਪ੍ਰੀਖਿਆਵਾਂ ਦੌਰਾਨ ਨਕਲ/ਅਣਉਚਿਤ ਸਾਧਨਾਂ ਦੀ ਵਰਤੋਂ ਨਾ ਹੋਣ ਦੇਣ ਲਈ ਪਾਬੰਦ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਰਡ ਦਫਤਰ ਕੋਲ ਬਿਨਾਂ ਕਿਸੇ ਨੋਟਿਸ ਤੋਂ ਪ੍ਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

ਬਿਆਨਕਰਤਾ

ਵੈਰੀਫਿਕੇਸ਼ਨ:

ਮੈਂ ਤਸਦੀਕ ਕਰਦਾ ਹਾਂ ਕਿ ਉਪਰੋਕਤ ਦਰਜ ਲੜੀ ਨੰ:1 ਤੋ 5 ਤੱਕ ਤੱਥ ਮੇਰੀ ਜਾਣਕਾਰੀ ਮੁਤਾਬਿਕ ਬਿੱਲਕੁੱਲ ਸਹੀ ਹਨ। ਇਸ ਸਬੰਧੀ ਨਾ ਕੋਈ ਗਲਤ ਬਿਆਨੀ ਕੀਤੀ ਗਈ ਹੈ ਅਤੇ ਨਾ ਹੀ ਕੋਈ ਤੱਥ ਛੁਪਾਇਆ ਗਿਆ ਹੈ।

ਬਿਆਨਕਰਤਾ